HAPPY FORGINGS LIMITED

August 5, 2026

To

BSE Ltd. Corporate Relationship Department, Phiroze Jeejebhoy Towers, Dalal Street, Mumbai - 400 001 **Scrip Code: 544057**	**National Stock Exchange of India Ltd.** Listing Department, Exchange Plaza, Bandra-Kurla Complex, Bandra (East), Mumbai- 400 051 **Symbol: HAPPYFORGE**

Sub: Newspaper Publication pertaining to Financial Results of the Company for the quarter ended 30th June 2026

Dear Sir/Ma'am,

Pursuant to Regulation 30 and 47 of the SEBI (Listing Obligations and Disclosure Requirements) Regulations, 2015, as amended, please find enclosed copies of the newspaper advertisement pertaining to Financial Results of the Company for the quarter ended 30th June 2026.

The results are published in "Financial Express" (English) and "Jag bani" (Punjabi) on 5th August 2026.

Kindly take the above information on record.

Thanking You,

For Happy Forgings Limited

Bindu Garg Digitally signed by Bindu Garg Date: 2026.08.05 15:17:41 +05'30'

(Bindu Garg)
Company Secretary & Compliance Officer,
M.N F6997
Happy Forgings Limited
B-XXIX-2254/1, Kanganwal Road,
P O Jugiana, Ludhiana- 141120

Regd Office :

+91 161 251 0421
+91 161 251 0422

info@happyforgingsltd.com
www.happyforgingsltd.com

BXXIX-2254/1, Kanganwal Road,
P. O. Jugiana, Ludhiana, Punjab,
CIN L28910PB1979PLC004008
India – 141120

ਸਲਮਾਨ ਖਾਨ ਨਾਲ ਜੀ. ਬੀ. ਰੀਅਲਟੀ ਦੀ ਵੱਡੀ ਭਾਈਵਾਲੀ

ਟ੍ਰਾਈਸਿਟੀ ਚੰਡੀਗੜ੍ਹ ਵਿਚ ਜਲਦ ਲਾਂਚ ਹੋਵੇਗਾ ਲਗਜ਼ਰੀ ਰੀਅਲ ਅਸਟੇਟ ਪ੍ਰਾਜੈਕਟ

■ ਸਲਮਾਨ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗੁਰਿੰਦਰ ਭੱਟੀ ਨਾਲ ਫੋਟੋ

ਸਲਮਾਨ ਖ਼ਾਨ ਵੱਲੋਂ ਸੋਸ਼ਲ ਮੀਡੀਆ 'ਤੇ ਆਪਣੇ ਪੇਜ ਉੱਤੇ ਸਾਂਝੀ ਕੀਤੀ ਗਈ ਗੁਰਿੰਦਰ ਭੱਟੀ ਨਾਲ ਫੋਟੋ।

ਜਲੰਧਰ, 4 ਅਗਸਤ (ਸੁਧੀਰ ਪੁਰੀ)–ਪੰਜਾਬ, ਚੰਡੀਗੜ੍ਹ ਸਮੇਤ ਦੇਸ਼ ਦੇ ਵੱਖ-ਵੱਖ ਸੂਬਿਆਂ ਅਤੇ ਵਿਦੇਸ਼ਾਂ ਵਿਚ ਆਪਣੀ ਪਛਾਣ ਬਣਾ ਚੁੱਕੀ ਰੀਅਲ ਅਸਟੇਟ ਕੰਪਨੀ ਜੀ. ਬੀ. ਰੀਅਲਟੀ ਹੁਣ ਬਾਲੀਵੁੱਡ ਅਦਾਕਾਰ ਸਲਮਾਨ ਖ਼ਾਨ ਨਾਲ ਮਿਲ ਕੇ ਚੰਡੀਗੜ੍ਹ ਟ੍ਰਾਈਸਿਟੀ ਵਿਚ ਲਗਜ਼ਰੀ ਰੀਅਲ ਅਸਟੇਟ ਦੇ ਖੇਤਰ ਵਿਚ ਨਵੀਂ ਪਛਾਣ ਬਣਾਉਣ ਦੀ ਤਿਆਰੀ ਕਰ ਰਹੀ ਹੈ। ਇਸ ਦੀ ਜਾਣਕਾਰੀ ਖ਼ੁਦ ਸਲਮਾਨ ਖ਼ਾਨ ਨੇ ਆਪਣੇ ਅਧਿਕਾਰਤ ਸੋਸ਼ਲ ਮੀਡੀਆ ਅਕਾਊਂਟ 'ਤੇ ਜੀ. ਬੀ. ਰੀਅਲਟੀ ਦੇ ਐੱਮ. ਡੀ. ਗੁਰਿੰਦਰ ਭੱਟੀ ਨਾਲ ਤਸਵੀਰ ਸਾਂਝੀ ਕਰਦਿਆਂ ਦਿੱਤੀ। ਪੋਸਟ ਵਿਚ ਉਨ੍ਹਾਂ ਲਿਖਿਆ, "ਹੋ ਜਾਓ ਤਿਆਰ... ਇਕ ਨਵਾਂ ਸਵੈਗ, ਇਕ ਨਵੀਂ ਕਲਾਸ ਅਤੇ ਇਕ ਨਵੇਂ ਦੌਰ ਲਈ। ਮੈਂ ਅਤੇ ਜੀ. ਬੀ. ਰੀਅਲਟੀ ਲੈ ਕੇ ਆ ਰਹੇ ਹਾਂ ਕੁਝ ਬਿਲਕੁਲ ਲੈਜੈਂਡਰੀ।"

ਸਲਮਾਨ ਖ਼ਾਨ ਦੀ ਇਸ ਪੋਸਟ ਦੇ ਸਾਹਮਣੇ ਆਉਣ ਤੋਂ ਬਾਅਦ ਪੰਜਾਬ ਹੀ ਨਹੀਂ, ਸਗੋਂ ਵਿਦੇਸ਼ਾਂ ਵਿਚ ਵੀ ਜੀ. ਬੀ. ਰੀਅਲਟੀ ਨੂੰ ਲੈ ਕੇ ਲੋਕਾਂ ਵਿਚ ਉਤਸੁਕਤਾ ਵਧ ਗਈ ਹੈ।

ਜੀ. ਬੀ. ਰੀਅਲਟੀ ਦੇ ਐੱਮ. ਡੀ. ਗੁਰਿੰਦਰ ਭੱਟੀ ਨੇ ਦੱਸਿਆ ਕਿ ਉਨ੍ਹਾਂ ਦੀ ਕੰਪਨੀ ਜਲਦ ਚੰਡੀਗੜ੍ਹ ਟ੍ਰਾਈਸਿਟੀ ਨੂੰ ਇਕ ਪ੍ਰੀਮੀਅਮ ਲਗਜ਼ਰੀ ਪ੍ਰਾਜੈਕਟ ਦੀ ਸੌਗਾਤ ਦੇਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਦੇ ਆਸ਼ੀਰਵਾਦ ਅਤੇ ਲੋਕਾਂ ਦੇ ਵਿਸ਼ਵਾਸ ਨਾਲ ਤਿਆਰ ਹੋਣ ਵਾਲਾ ਇਹ ਪ੍ਰਾਜੈਕਟ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗਾ ਅਤੇ ਹਰ ਵਰਗ ਦੇ ਲੋਕਾਂ ਦੀ ਪਹਿਲੀ ਪਸੰਦ ਬਣਨ ਦਾ ਯਤਨ ਕਰੇਗਾ।

ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਹੋਰ ਪ੍ਰਾਜੈਕਟਾਂ ਤੋਂ ਵੱਖਰਾ ਹੋਵੇਗਾ ਅਤੇ ਗੁਣਵੱਤਾ ਤੇ ਸਹੂਲਤਾਂ ਦੇ ਨਵੇਂ ਮਾਪਦੰਡ ਸਥਾਪਤ ਕਰੇਗਾ। ਗੁਰਿੰਦਰ ਭੱਟੀ ਨੇ ਕਿਹਾ ਕਿ ਅੱਜ-ਕੱਲ ਕਈ ਲੋਕਾਂ ਨੇ ਰੀਅਲ ਅਸਟੇਟ ਨੂੰ ਸਿਰਫ਼ ਸੋਸ਼ਲ ਮੀਡੀਆ ਤੱਕ ਹੀ ਸੀਮਤ ਕਰ ਦਿੱਤਾ ਹੈ ਪਰ ਉਨ੍ਹਾਂ ਦੀ ਕੰਪਨੀ ਜੋ ਵਾਅਦਾ ਕਰਦੀ ਹੈ, ਉਸ ਨੂੰ ਪੂਰਾ ਕਰ ਕੇ ਵੀ ਦਿਖਾਉਂਦੀ ਹੈ।

ਉਨ੍ਹਾਂ ਆਪਣੀ ਸਫ਼ਲਤਾ ਦਾ ਸਿਹਰਾ ਮਾਤਾ-ਪਿਤਾ ਦੇ ਆਸ਼ੀਰਵਾਦ ਅਤੇ ਲੋਕਾਂ ਦੇ ਪਿਆਰ ਨੂੰ ਦਿੰਦਿਆਂ ਕਿਹਾ ਕਿ ਪ੍ਰਾਜੈਕਟ ਨੂੰ ਜਲਦ ਲਾਂਚ ਕੀਤਾ ਜਾਵੇਗਾ।

ਨੌਜਵਾਨ ਬੋਲੇ-ਸਾਨੂੰ ਹੁਣ ਅਜਿਹੀ ਹੀ ਗਰਲਫ੍ਰੈਂਡ ਚਾਹੀਦੀ ਹੈ

1.5 ਲੱਖ ਡਾਲਰ ਦੀ ਇਨਸਾਨੀ ਹਾਵ-ਭਾਵ ਵਾਲੀ ਪਹਿਲੀ ਰੋਬੋਟ ਤਿਆਰ

ਲੰਡਨ, 4 ਅਗਸਤ (ਵਿਸ਼ੇਸ਼)–ਇਨਸਾਨੀ ਹਾਵ-ਭਾਵ ਅਤੇ ਚਿਹਰੇ ਵਾਲੀ ਪਹਿਲੀ ਰੋਬੋਟ ਨੇ ਤਹਿਲਕਾ ਮਚਾ ਦਿੱਤਾ ਹੈ। ਇਸ ਨੂੰ ਦੇਖ ਕੇ ਨੌਜਵਾਨ ਕਹਿ ਰਹੇ ਹਨ ਕਿ ਸਾਨੂੰ ਅਜਿਹੀ ਹੀ ਗਰਲਫ੍ਰੈਂਡ ਚਾਹੀਦੀ ਹੈ। ਇਸ ਦੀ ਕੀਮਤ ਲੱਗਭਗ 1.5 ਲੱਖ ਡਾਲਰ ਹੈ। ਇਸ ਨੂੰ ਚੀਨ ਦੀ ਰੋਬੋਟ ਕੰਪਨੀ ਅਹੈੱਡਫਾਰਮ ਨੇ ਬਣਾਇਆ ਹੈ ਅਤੇ ਇਸ ਨੂੰ 'ਓਰੀਜਿਨ-ਐੱਫ1' ਨਾਂ ਦਿੱਤਾ ਹੈ। ਇਸ ਹਿਊਮਨੌਇਡ ਰੋਬੋਟ ਦੀ ਪਹਿਲੀ ਵੀਡੀਓ ਆਨਲਾਈਨ ਪਾਈ ਗਈ ਹੈ।

ਇਸ 'ਤੇ ਬਹੁਤ ਹੀ ਰੋਚਕ ਕਮੈਂਟ ਆ ਰਹੇ ਹਨ। ਇਕ ਨੌਜਵਾਨ ਨੇ ਲਿਖਿਆ ਹੈ ਕਿ ਮੇਰੇ ਪਿਤਾ ਨੇ ਘਰ ਲਈ ਪੈਸਾ ਬਚਾਇਆ ਅਤੇ ਮੈਂ ਸੁਪਨਿਆਂ ਦੀ ਇਸ ਰੋਬੋ ਸੁੰਦਰੀ ਲਈ ਪੈਸਾ ਬਚਾਅ ਰਿਹਾ ਹਾਂ।

ਇਕ ਹੋਰ ਨੌਜਵਾਨ ਨੇ ਲਿਖਿਆ ਹੈ ਕਿ ਅਸੀਂ ਉਸ ਯੁੱਗ ਦੇ ਯੂਥ ਹਾਂ, ਜਿਨ੍ਹਾਂ ਦੀ ਇਕ ਰੋਬੋ ਗਰਲਫ੍ਰੈਂਡ ਹੋਵੇਗੀ। ਇਸ ਨੂੰ ਬਣਾਉਣ ਵਾਲੇ 'ਅਹੈੱਡਫਾਰਮ' ਦੇ ਫਿਜ਼ੀਸ਼ੀਅਨ ਅਨੁਸਾਰ ਇਹ ਬਾਇਓਨਿਕ ਮੈਕੇਨੀਕਲ ਡਿਜ਼ਾਈਨ ਦਾ ਬਿਹਤਰੀਨ ਨਮੂਨਾ ਹੈ।

ਰੂਸ-ਯੂਕ੍ਰੇਨ ਦੇ ਡਰੋਨ ਹਮਲਿਆਂ ਵਿਚ 10 ਲੋਕਾਂ ਦੀ ਮੌਤ

ਮਾਸਕੋ, 4 ਅਗਸਤ (ਏਜੰਸੀ)–ਮਾਸਕੋ ਦੇ ਆਸ-ਪਾਸ ਦੇ ਇਲਾਕੇ ਵਿਚ ਯੂਕ੍ਰੇਨੀ ਡਰੋਨ ਹਮਲਿਆਂ ਵਿਚ 5 ਲੋਕਾਂ ਦੀ ਮੌਤ ਹੋ ਗਈ। ਸਥਾਨਕ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉੱਥੇ ਹੀ ਯੂਕ੍ਰੇਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੂਸੀ ਹਵਾਈ ਹਮਲਿਆਂ ਵਿਚ ਵੀ ਘੱਟੋ-ਘੱਟ 5 ਨਾਗਰਿਕਾਂ ਦੀ ਜਾਨ ਚਲੀ ਗਈ ਹੈ। ਦੋਵੇਂ ਹੀ ਦੇਸ਼ ਪੂਰਬੀ ਅਤੇ ਦੱਖਣੀ ਯੂਕ੍ਰੇਨ ਵਿਚ ਲੱਗਭਗ 1,250 ਕਿਲੋਮੀਟਰ (800 ਮੀਲ) ਵਿਚ ਫੈਲੇ ਜੰਗੀ ਖੇਤਰ ਵਿਚ ਮਾਰੇ ਗਏ ਜਾਂ ਜ਼ਖਮੀ ਹੋਏ ਫੌਜੀਆਂ ਦੀ ਗਿਣਤੀ ਉਜਾਗਰ ਨਹੀਂ ਕਰ ਰਹੇ।

ਖੇਤਰੀ ਅਧਿਕਾਰੀਆਂ ਨੇ ਦੱਸਿਆ ਕਿ ਰੂਸ ਦੇ ਕਾਲਾ ਸਾਗਰ ਤੱਟ 'ਤੇ ਸਥਿਤ ਸ਼ਹਿਰ ਅਰਖਿਪੋ-ਓਸਿਪੋਵਕਾ ਵਿਚ ਸੋਮਵਾਰ ਨੂੰ ਹੋਏ ਇਕ ਡਰੋਨ ਹਮਲੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 7 ਹੋ ਗਈ ਹੈ, ਜਿਨ੍ਹਾਂ ਵਿਚ 3 ਬੱਚੇ ਵੀ ਸ਼ਾਮਲ ਹਨ। ਮੰਗਲਵਾਰ ਸਵੇਰੇ ਕ੍ਰਾਸਨੋਦਰ ਖੇਤਰੀ ਅਧਿਕਾਰੀਆਂ ਨੇ ਜ਼ਖਮੀਆਂ ਦੀ ਗਿਣਤੀ ਅਪਡੇਟ ਕਰਦੇ ਹੋਏ 58 ਦੱਸੀ, ਜਿਨ੍ਹਾਂ ਵਿਚੋਂ 21 ਹਸਪਤਾਲ ਵਿਚ ਦਾਖਲ ਹਨ। ਇੰਟਰਨੈੱਟ 'ਤੇ ਸਾਹਮਣੇ ਆਈ ਇਕ ਵੀਡੀਓ ਵਿਚ ਇਕ ਡਰੋਨ ਨੂੰ ਭੀੜ-ਭੜੱਕੇ ਵਾਲੇ ਸਮੁੰਦਰੀ ਤੱਟ ਨਾਲ ਟਕਰਾਉਂਦੇ ਦੇਖਿਆ ਗਿਆ, ਵੀਡੀਓ ਵਿਚ ਤੇਜ਼ ਗੋਲੀਬਾਰੀ ਵਰਗੀਆਂ ਆਵਾਜ਼ਾਂ ਵੀ ਸੁਣਾਈ ਦੇ ਰਹੀਆਂ ਸਨ। ਯੂਕ੍ਰੇਨ ਨੇ ਇਸ ਹਮਲੇ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ।

ਡਰੋਨ ਹਮਲੇ ਕਾਰਨ ਲੱਗੀ ਅੱਗ ਬੁਝਾਉਂਦਾ ਫਾਇਰ ਬ੍ਰਿਗੇਡ ਕਰਮਚਾਰੀ।

ਪੀ. ਓ. ਕੇ. ਵਿਚ ਵਿਰੋਧ-ਪ੍ਰਦਰਸ਼ਨ ਜਾਰੀ

ਮੁਜ਼ੱਫਰਾਬਾਦ, 4 ਅਗਸਤ (ਇੰਟ.)–ਪਾਕਿਸਤਾਨ ਅਤੇ ਭਾਰਤ ਵਿਚਾਲੇ ਕਸ਼ਮੀਰ ਨੂੰ ਲੈ ਕੇ ਕਈ ਵਾਰ ਜੰਗ ਹੋ ਚੁੱਕੀ ਹੈ। ਪਾਕਿਸਤਾਨ ਨੇ ਹਮੇਸ਼ਾ ਭਾਰਤ ਨਾਲ ਕਸ਼ਮੀਰ ਵਿਵਾਦ ਨੂੰ ਸਭ ਤੋਂ ਵੱਡਾ ਮੁੱਦਾ ਮੰਨਿਆ ਹੈ। ਇਸ ਵਜ੍ਹਾ ਕਰ ਕੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀ. ਓ. ਕੇ.) ਦੇ ਲੋਕਾਂ ਦੀਆਂ ਪ੍ਰੇਸ਼ਾਨੀਆਂ 'ਤੇ ਘੱਟ ਧਿਆਨ ਦਿੱਤਾ ਗਿਆ। ਹੁਣ ਉੱਥੇ ਹਾਲਾਤ ਅਜਿਹੇ ਹਨ ਕਿ ਸਰਕਾਰ ਲਈ ਉਨ੍ਹਾਂ ਦੀ ਆਵਾਜ਼ ਦਬਾਉਣਾ ਮੁਸ਼ਕਲ ਹੋ ਰਿਹਾ ਹੈ।

ਉੱਥੇ ਮਹਿੰਗਾਈ ਦੇ ਖਿਲਾਫ ਸ਼ੁਰੂ ਹੋਇਆ ਵਿਰੋਧ-ਪ੍ਰਦਰਸ਼ਨ ਹੁਣ ਇਕ ਵੱਡੇ ਸਿਆਸੀ ਅੰਦੋਲਨ ਵਿਚ ਬਦਲ ਚੁੱਕਾ ਹੈ। ਇਸ ਨੂੰ ਕਈ ਸਾਲਾਂ ਵਿਚ ਪਾਕਿਸਤਾਨ ਸਰਕਾਰ ਦੇ ਸਾਹਮਣੇ ਪੀ. ਓ. ਕੇ. ਤੋਂ ਉੱਠੀ ਸਭ ਤੋਂ ਵੱਡੀ ਚੁਣੌਤੀ ਮੰਨਿਆ ਜਾ ਰਿਹਾ ਹੈ। ਪੀ. ਓ. ਕੇ. ਵਿਚ ਅੰਦੋਲਨ ਦੀ ਅਗਵਾਈ ਜੁਆਇੰਟ ਅਵਾਮੀ ਐਕਸ਼ਨ ਕਮੇਟੀ ਕਰ ਰਹੀ ਹੈ, ਜਿਸ ਵਿਚ ਵਪਾਰੀ, ਸਮਾਜਿਕ ਕਾਰਜਕਰਤਾ ਅਤੇ ਸਥਾਨਕ ਨੇਤਾ ਸ਼ਾਮਲ ਹਨ।

ਸ਼ੁਰੂਆਤ ਵਿਚ ਸੰਗਠਨ ਨੇ ਮਹਿੰਗੀ ਬਿਜਲੀ ਅਤੇ ਆਟੇ ਦੀਆਂ ਵਧਦੀਆਂ ਕੀਮਤਾਂ ਖਿਲਾਫ ਅੰਦੋਲਨ ਸ਼ੁਰੂ ਕੀਤਾ ਸੀ। 2024 ਅਤੇ 2025 ਵਿਚ ਹੋਏ ਪ੍ਰਦਰਸ਼ਨਾਂ ਤੋਂ ਬਾਅਦ ਪਾਕਿਸਤਾਨ ਸਰਕਾਰ ਨੂੰ ਝੁਕਣਾ ਪਿਆ। ਸਰਕਾਰ ਨੇ ਬਿਜਲੀ ਦੀਆਂ ਦਰਾਂ ਘਟਾਈਆਂ ਅਤੇ ਆਟੇ 'ਤੇ ਸਬਸਿਡੀ ਦਿੱਤੀ। ਇਸ ਤੋਂ ਬਾਅਦ ਪੀ. ਓ. ਕੇ. ਵਿਚ ਆਟਾ ਪਾਕਿਸਤਾਨ ਦੇ ਦੂਜੇ ਹਿੱਸਿਆਂ ਦੀ ਤੁਲਨਾ ਵਿਚ ਕਾਫੀ ਸਸਤਾ ਮਿਲਣ ਲੱਗਾ।

ਸਰਕਾਰ ਨੇ ਇੰਟਰਨੈੱਟ ਕੀਤਾ ਬੰਦ

ਪਾਕਿਸਤਾਨ ਸਰਕਾਰ ਨੇ ਪੀ. ਓ. ਕੇ. ਦੇ ਕਈ ਹਿੱਸਿਆਂ ਨੂੰ ਲੱਗਭਗ ਬਾਹਰੀ ਦੁਨੀਆ ਤੋਂ ਕੱਟ ਦਿੱਤਾ ਹੈ। ਪੂਰੇ ਇਲਾਕੇ ਵਿਚ ਕਈ ਹਫਤਿਆਂ ਤੋਂ ਇੰਟਰਨੈੱਟ ਸੇਵਾ ਬੰਦ ਹੈ। ਇਸ ਦਾ ਅਸਰ ਸਿਰਫ ਮੋਬਾਈਲ ਅਤੇ ਸੋਸ਼ਲ ਮੀਡੀਆ 'ਤੇ ਹੀ ਨਹੀਂ ਪਿਆ, ਸਗੋਂ ਬੈਂਕ ਅਤੇ ਏ. ਟੀ. ਐੱਮ. ਸੇਵਾਵਾਂ ਵੀ ਪ੍ਰਭਾਵਿਤ ਹੋਈਆਂ। ਮੁਜ਼ੱਫਰਾਬਾਦ ਜਾਣ ਵਾਲੀਆਂ ਸੜਕਾਂ 'ਤੇ ਥਾਂ-ਥਾਂ ਪੁਲਸ ਚੌਕੀਆਂ ਬਣਾਈਆਂ ਗਈਆਂ ਹਨ। ਨੀਲਮ ਅਤੇ ਜੇਹਲਮ ਨਦੀ ਦੇ ਆਸ-ਪਾਸ ਦੀਆਂ ਠੰਢੀਆਂ ਅਤੇ ਹਰੀਆਂ-ਭਰੀਆਂ ਘਾਟੀਆਂ, ਜਿੱਥੇ ਆਮ ਤੌਰ 'ਤੇ ਗਰਮੀਆਂ ਵਿਚ ਵੱਡੀ ਗਿਣਤੀ 'ਚ ਸੈਲਾਨੀ ਪਹੁੰਚਦੇ ਹਨ, ਇਸ ਵਾਰ ਲੱਗਭਗ ਖਾਲੀ ਦਿਖਾਈ ਦਿੱਤੀਆਂ।

ਪੀ. ਓ. ਕੇ. ਵਿਚ ਚੋਣਾਂ ਸਿਰਫ ਦਿਖਾਵਾ : ਭਾਰਤ

ਨਵੀਂ ਦਿੱਲੀ : ਭਾਰਤ ਨੇ ਪੀ. ਓ. ਕੇ. ਵਿਚ ਚੋਣਾਂ ਦੀ ਕਵਾਇਦ ਨੂੰ ਅਸਲੀਅਤ ਲੁਕਾਉਣ ਦੀ ਕੋਸ਼ਿਸ਼ ਦੱਸਦਿਆਂ ਕਿਹਾ ਹੈ ਕਿ ਉੱਥੇ ਲੋਕਾਂ ਦੇ ਅਸੰਤੋਸ਼ ਦਾ ਜਵਾਬ ਗੋਲੀ ਅਤੇ ਦਮਨ ਨਾਲ ਦਿੱਤਾ ਜਾ ਰਿਹਾ ਹੈ ਅਤੇ ਵਿਸ਼ਵ ਭਾਈਚਾਰੇ ਨੂੰ ਉਸ ਨੂੰ ਇਸ ਜ਼ਬਰ ਲਈ ਜਵਾਬਦੇਹ ਠਹਿਰਾਉਣਾ ਚਾਹੀਦਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਮੰਗਲਵਾਰ ਨੂੰ ਇੱਥੇ ਮੀਡੀਆ ਬ੍ਰੀਫਿੰਗ ਵਿਚ ਇਸ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿਚ ਕਿਹਾ ਕਿ ਪਾਕਿਸਤਾਨ ਖੋਖਲੀਆਂ ਅਤੇ ਦਿਖਾਵਟੀ ਚੋਣਾਂ ਨਾਲ ਆਪਣੀਆਂ ਕਰਤੂਤਾਂ ਨੂੰ ਕਾਨੂੰਨੀ ਰੂਪ ਦੇਣਾ ਚਾਹੁੰਦਾ ਹੈ।

ਉਨ੍ਹਾਂ ਕਿਹਾ ਕਿ ਪੀ. ਓ. ਕੇ. ਵਿਚ ਇਹ ਤਥਾਕਥਿਤ ਚੋਣਾਂ ਪੂਰੀ ਤਰ੍ਹਾਂ ਇਕ ਦਿਖਾਵਾ ਹਨ। ਅਸਲ ਸਥਿਤੀ ਤਾਂ ਉੱਥੇ ਹੋ ਰਹੇ ਵਿਰੋਧ-ਪ੍ਰਦਰਸ਼ਨਾਂ ਅਤੇ ਪਾਕਿਸਤਾਨੀ ਫੌਜ ਦੁਆਰਾ ਕੀਤੀਆਂ ਜਾ ਰਹੀਆਂ ਬੇਰਹਿਮ ਹੱਤਿਆਵਾਂ ਤੋਂ ਨਜ਼ਰ ਆਉਂਦੀ ਹੈ। ਇਸ ਤਰ੍ਹਾਂ ਦੀ ਖੋਖਲੀ ਕਵਾਇਦ ਅਸਲੀਅਤ ਨੂੰ ਲੁਕੋ ਨਹੀਂ ਸਕਦੀ। ਇਸ ਸਾਲ ਜੂਨ ਤੋਂ ਉੱਥੇ ਜੋ ਪ੍ਰਦਰਸ਼ਨ ਹੋ ਰਹੇ ਹਨ, ਉਨ੍ਹਾਂ ਵਿਚ ਘੱਟੋ-ਘੱਟ 90 ਲੋਕ ਮਾਰੇ ਗਏ ਹਨ ਅਤੇ ਕਈ ਹੋਰ ਜ਼ਖਮੀ ਹੋਏ ਹਨ।

ਡ੍ਰੈਗਨ ਦੀ ਨਵੀਂ ਚਾਲ, ਬੰਗਲਾਦੇਸ਼ ਨੂੰ ਦੇਵੇਗਾ ਜੇ-10 ਫਾਈਟਰ ਜੈੱਟ

ਢਾਕਾ, 4 ਅਗਸਤ (ਇੰਟ.)–ਸ਼ੇਖ ਹਸੀਨਾ ਦੇ ਸੱਤਾ ਤੋਂ ਹਟਣ ਤੋਂ ਬਾਅਦ ਭਾਰਤ ਅਤੇ ਬੰਗਲਾਦੇਸ਼ ਦੇ ਸਬੰਧਾਂ ਵਿਚ ਜੋ ਕੜਵਾਹਟ ਸ਼ੁਰੂ ਹੋਈ ਸੀ, ਉਹ ਰੁਕਣ ਦਾ ਨਾਂ ਨਹੀਂ ਲੈ ਰਹੀ। ਮੁਹੰਮਦ ਯੂਨੁਸ ਦੀ ਅੰਤ੍ਰਿਮ ਸਰਕਾਰ ਤੋਂ ਬਾਅਦ ਤਾਰਿਕ ਰਹਿਮਾਨ ਦੇ ਦੌਰ ਵਿਚ ਵੀ ਹਾਲਾਤ ਬਿਹਤਰ ਨਹੀਂ ਹੋ ਸਕੇ। ਹਾਲਾਂਕਿ ਸ਼ੁਰੂਆਤ ਵਿਚ ਥੋੜ੍ਹੀ ਸਕਾਰਾਤਮਕਤਾ ਦਿਖੀ ਪਰ ਆਖਿਰਕਾਰ ਢਾਕਾ ਚੀਨ ਦੇ ਕੂਟਨੀਤਕ ਅਤੇ ਆਰਥਿਕ ਜਾਲ ਵਿਚ ਉਲਝ ਗਿਆ।

ਹੁਣ ਚੀਨ ਨਿਵੇਸ਼ ਦੇ ਬਹਾਨੇ ਬੰਗਲਾਦੇਸ਼ ਨੂੰ ਆਪਣੇ ਜੇ-10ਸੀਈ ਮਲਟੀਰੋਲ ਲੜਾਕੂ ਜਹਾਜ਼ ਵੇਚਣ ਜਾ ਰਿਹਾ ਹੈ। ਭਾਰਤੀ ਰੱਖਿਆ ਮਾਹਿਰਾਂ ਦੀ ਨਜ਼ਰ ਵਿਚ ਇਹ ਸੌਦਾ ਸਿਰਫ਼ ਹਥਿਆਰਾਂ ਦੀ ਖਰੀਦੋ-ਫਰੋਖਤ ਨਹੀਂ, ਬਲਕਿ ਦੱਖਣੀ ਏਸ਼ੀਆ ਦੀ ਹਵਾਈ ਤਾਕਤ ਦੇ ਸੰਤੁਲਨ ਨੂੰ ਵਿਗਾੜਨ ਵਾਲੀ ਇਕ ਵੱਡੀ ਰਣਨੀਤਕ ਚਾਲ ਹੈ।

2.2 ਅਰਬ ਡਾਲਰ ਦਾ ਸੌਦਾ

ਸੂਤਰਾਂ ਮੁਤਾਬਕ ਇਹ ਲੱਗਭਗ 2.2 ਅਰਬ ਡਾਲਰ (ਲਗਭਗ 18 ਹਜ਼ਾਰ ਕਰੋੜ ਰੁਪਏ) ਦਾ ਸਰਕਾਰੀ ਸਮਝੌਤਾ ਹੈ। ਇਸ ਵਿਚ ਸਿਰਫ਼ 24 ਫਾਈਟਰ ਜੈੱਟਾਂ ਦੀ ਸਪਲਾਈ ਹੀ ਸ਼ਾਮਲ ਨਹੀਂ ਹੈ, ਬਲਕਿ 2035-36 ਤੱਕ ਲਈ ਇਕ ਲੰਬਾ ਪੈਕੇਜ ਦਿੱਤਾ ਜਾ ਰਿਹਾ ਹੈ, ਜਿਸ ਵਿਚ ਬੰਗਲਾਦੇਸ਼ੀ ਪਾਇਲਟਾਂ ਦੀ

ਟ੍ਰੇਨਿੰਗ, ਜਹਾਜ਼ਾਂ ਦੀ ਦੇਖਭਾਲ ਅਤੇ ਸਪੇਅਰ ਪਾਰਟਸ, ਲੌਜਿਸਟਿਕਸ ਅਤੇ ਲੌਂਗ ਟਰਮ ਤਕਨੀਕੀ ਸਹਾਇਤਾ ਵੀ ਸ਼ਾਮਲ ਹੈ।

ਪਾਕਿਸਤਾਨ ਕੋਲ ਪਹਿਲਾਂ ਤੋਂ ਹੀ 20 ਤੋਂ ਵੱਧ ਜੇ-10 ਜਹਾਜ਼ ਮੌਜੂਦ ਹਨ। ਹਾਲਾਂਕਿ ਮਈ 2025 ਵਿਚ ਹੋਏ 'ਆਪ੍ਰੇਸ਼ਨ ਸਿੰਧੂਰ' ਦੌਰਾਨ ਪਾਕਿਸਤਾਨ ਅਤੇ ਚੀਨ ਨੇ ਇਨ੍ਹਾਂ ਜਹਾਜ਼ਾਂ ਬਾਰੇ ਕਈ ਵੱਡੇ ਦਾਅਵੇ ਕੀਤੇ ਸਨ, ਜਿਨ੍ਹਾਂ ਨੂੰ ਭਾਰਤੀ ਰੱਖਿਆ ਮਾਹਿਰਾਂ ਨੇ ਸਿਰਫ ਕੂੜ ਪ੍ਰਚਾਰ ਦੱਸਿਆ ਸੀ। ਭਾਵੇਂ ਫਰਾਂਸ 'ਚ ਬਣੇ ਭਾਰਤ ਦੇ ਰਾਫੇਲ ਜਹਾਜ਼ਾਂ ਦੇ ਸਾਹਮਣੇ ਜੇ-10 ਤਕਨੀਕ ਕਿਤੇ ਨਹੀਂ ਠਹਿਰਦੀ ਪਰ ਕੀਮਤ ਵਿਚ ਸਸਤੇ ਹੋਣ ਕਾਰਨ ਚੀਨ ਇਨ੍ਹਾਂ ਗੁਆਂਢੀ ਦੇਸ਼ਾਂ ਨੂੰ ਆਸਾਨੀ ਨਾਲ ਆਪਣੇ ਪਾਲੇ ਵਿਚ ਕਰ ਰਿਹਾ ਹੈ।

ਭਾਰਤ ਦੀਆਂ ਰਣਨੀਤਕ ਚਿੰਤਾਵਾਂ ਵਧੀਆਂ

ਭਾਰਤੀ ਰਣਨੀਤੀਕਾਰਾਂ ਦਾ ਮੰਨਣਾ ਹੈ ਕਿ ਅਸਲੀ ਚੁਣੌਤੀ ਬੰਗਲਾਦੇਸ਼ ਦੀ ਤੁਰੰਤ ਫੌਜੀ ਸਮਰੱਥਾ ਤੋਂ ਨਹੀਂ, ਬਲਕਿ ਭਾਰਤ ਦੇ ਪੂਰਬੀ ਅਤੇ ਪੱਛਮੀ-ਦੋਵਾਂ ਮੋਰਚਿਆਂ 'ਤੇ ਚੀਨੀ ਫੌਜੀ ਈਕੋਸਿਸਟਮ ਦੇ ਮਜ਼ਬੂਤ ਹੋਣ ਤੋਂ ਹੈ।

ਜੇਕਰ ਬੰਗਲਾਦੇਸ਼ ਵੀ ਉਹੀ ਚੀਨੀ ਫਾਈਟਰ ਵਰਤਦਾ ਹੈ, ਜੋ ਪਾਕਿਸਤਾਨ ਵਰਤ ਰਿਹਾ ਹੈ, ਤਾਂ ਭਾਰਤ ਨੂੰ ਦੋਵਾਂ ਸਰਹੱਦਾਂ 'ਤੇ ਇਕੋ ਜਿਹੇ ਚੀਨੀ ਐਵੀਓਨਿਕਸ, ਰਾਡਾਰ ਸਿਸਟਮ, ਡਾਟਾ-ਲਿੰਕ ਪ੍ਰੋਟੋਕੋਲ ਅਤੇ ਇਲੈਕਟ੍ਰਾਨਿਕ ਵਾਰਫੇਅਰ ਤਕਨੀਕਾਂ ਦਾ ਸਾਹਮਣਾ ਕਰਨਾ ਪਵੇਗਾ। ਜੂਨ 2024 ਵਿਚ ਬੰਗਲਾਦੇਸ਼ੀ ਅਧਿਕਾਰੀਆਂ ਦੀ ਬੀਜਿੰਗ ਯਾਤਰਾ ਤੋਂ ਬਾਅਦ ਇਸ ਸੌਦੇ ਨੇ ਰਫ਼ਤਾਰ ਫੜੀ। ਅਨੁਮਾਨ ਹੈ ਕਿ ਅਗਸਤ 2026 ਤੱਕ ਇਸ ਸਮਝੌਤੇ 'ਤੇ ਅੰਤਿਮ ਦਸਤਖਤ ਹੋ ਜਾਣਗੇ ਅਤੇ 2026 ਦੇ ਅੰਤ ਜਾਂ 2027 ਦੀ ਸ਼ੁਰੂਆਤ ਤੱਕ ਜੈੱਟਾਂ ਦੀ ਡਿਲਿਵਰੀ ਸ਼ੁਰੂ ਹੋ ਸਕਦੀ ਹੈ।

ਭਾਰਤ ਲਈ ਸਭ ਤੋਂ ਚਿੰਤਾਜਨਕ ਪਹਿਲੂ ਬੰਗਲਾਦੇਸ਼ ਦਾ ਲਾਲਮੋਨਿਰਹਾਟ ਏਅਰਬੇਸ ਹੈ। ਇਹ ਪੁਰਾਣਾ ਏਅਰਬੇਸ ਭਾਰਤ-ਬੰਗਲਾਦੇਸ਼ ਸਰਹੱਦ ਤੋਂ ਮਹਿਜ਼ 12-15 ਕਿਲੋਮੀਟਰ ਦੂਰ ਹੈ ਅਤੇ ਭਾਰਤ ਦੇ ਬਹੁਤ ਹੀ ਸੰਵੇਦਨਸ਼ੀਲ ਸਿਲੀਗੁੜੀ ਕਾਰੀਡੋਰ (ਚਿਕਨ ਨੈੱਕ) ਦੇ ਬਿਲਕੁਲ ਨੇੜੇ ਹੈ।

ਸਰਕਾਰੀ ਭੱਤੇ ਲੈਣ ਲਈ ਮਾਂ ਦੀ ਲਾਸ਼ 3 ਸਾਲ ਫ੍ਰੀਜ਼ਰ 'ਚ ਲੁਕੋਈ

ਗਲਾਸਗੋ, 4 ਅਗਸਤ (ਮਨਦੀਪ ਖੁਰਮੀ)–ਯੂ. ਕੇ. ਦੇ ਪੌਰਥਕਾਲ 'ਚ ਕ੍ਰਿਸਟੋਫਰ ਫਿਲਿਪਸ (60) ਨੂੰ ਆਪਣੀ ਮ੍ਰਿਤਕ ਮਾਂ ਸਿਲਵੀਆ ਫਿਲਿਪਸ (89) ਦੀ ਲਾਸ਼ 3 ਸਾਲ ਤੱਕ ਫ੍ਰੀਜ਼ਰ ਵਿਚ ਲੁਕੋ ਕੇ ਰੱਖਣ ਅਤੇ ਉਸ ਦੇ ਨਾਂ 'ਤੇ 78,000 ਪੌਂਡ ਤੋਂ ਵੱਧ ਦੇ ਸਰਕਾਰੀ ਭੱਤੇ ਹਾਸਲ ਕਰਨ ਦੇ ਦੋਸ਼ ਹੇਠ ਅਦਾਲਤ ਵੱਲੋਂ 28 ਮਹੀਨਿਆਂ ਦੀ ਜੇਲ ਦੀ ਸਜ਼ਾ ਸੁਣਾਈ ਗਈ ਹੈ।

ਮੁਲਜ਼ਮ ਆਪਣੀ ਮਾਂ ਦੀ ਪੈਨਸ਼ਨ, ਹਾਊਸਿੰਗ ਬੈਨੀਫਿਟ ਅਤੇ ਹੋਰ ਭੱਤੇ ਲੈਂਦਾ ਰਿਹਾ ਅਤੇ ਡਾਕਟਰਾਂ ਨੂੰ ਵੀ ਉਸ ਦੀ ਮੌਤ ਬਾਰੇ ਗੁੰਮਰਾਹ ਕਰਦਾ ਰਿਹਾ। ਫਰਵਰੀ 'ਚ ਪੁਲਸ ਵੱਲੋਂ ਘਰ ਦੀ ਤਲਾਸ਼ੀ ਦੌਰਾਨ ਫ੍ਰੀਜ਼ਰ 'ਚੋਂ ਲਾਸ਼ ਮਿਲਣ 'ਤੇ ਇਹ ਭੇਦ ਖੁੱਲ੍ਹਿਆ। ਮੁਲਜ਼ਮ ਨੇ ਅਦਾਲਤ 'ਚ ਧੋਖਾਦੇਹੀ ਅਤੇ ਅੰਤਿਮ ਸੰਸਕਾਰ ਵਿਚ ਰੁਕਾਵਟ ਪਾਉਣ ਦਾ ਜ਼ੁਰਮ ਕਬੂਲ ਕਰ ਲਿਆ, ਜਦਕਿ ਬਚਾਅ ਧਿਰ ਦੇ ਵਕੀਲ ਅਨੁਸਾਰ ਉਹ ਆਪਣੀ ਮਾਂ ਨਾਲ ਬਹੁਤ ਲਗਾਓ ਹੋਣ ਕਾਰਨ ਮਾਨਸਿਕ ਤੌਰ 'ਤੇ ਕਮਜ਼ੋਰ ਹਾਲਤ ਵਿਚ ਸੀ।

ਭਾਰਤੀ ਮੂਲ ਦੇ ਵਿਅਕਤੀ ਸਮੇਤ 25 ਲੋਕਾਂ ਦੀ ਅਮਰੀਕੀ ਨਾਗਰਿਕਤਾ ਹੋਵੇਗੀ ਰੱਦ

ਵਾਸ਼ਿੰਗਟਨ, 4 ਅਗਸਤ (ਏਜੰਸੀ)–ਅਮਰੀਕਾ ਵਿਚ ਪਛਾਣ ਨਾਲ ਸਬੰਧਤ ਜਾਣਕਾਰੀ ਵਿਚ ਕਥਿਤ ਧੋਖਾਦੇਹੀ ਤੋਂ ਲੈ ਕੇ ਕਤਲ ਦੀ ਕੋਸ਼ਿਸ਼ ਅਤੇ ਬਾਲ ਸੈਕਸ ਸ਼ੋਸ਼ਣ ਵਰਗੇ ਦੋਸ਼ਾਂ ਵਾਲੇ ਮਾਮਲਿਆਂ ਵਿਚ ਭਾਰਤੀ ਮੂਲ ਦੇ ਇਕ ਵਿਅਕਤੀ ਸਮੇਤ 25 ਲੋਕਾਂ ਦੀ ਨਾਗਰਿਕਤਾ ਰੱਦ ਕੀਤੀ ਜਾ ਰਹੀ ਹੈ।

ਅਮਰੀਕੀ ਨਿਆਂ ਮੰਤਰਾਲੇ ਨੇ ਭਾਰਤੀ ਮੂਲ ਦੇ ਨਰਿੰਦਰ ਸਿੰਘ (65) ਦੇ ਖਿਲਾਫ ਡੇਲਾਵੇਅਰ ਜ਼ਿਲਾ ਅਦਾਲਤ ਵਿਚ ਮੁਕੱਦਮਾ ਦਰਜ ਕੀਤਾ ਹੈ। ਉਸ 'ਤੇ ਅਮਰੀਕਾ ਵਿਚ ਦਾਖਲ ਹੋਣ ਲਈ ਝੂਠੀ ਪਛਾਣ ਦਾ ਸਹਾਰਾ ਲੈਣ ਦਾ ਦੋਸ਼ ਹੈ। ਨਿਆਂ ਮੰਤਰਾਲੇ ਮੁਤਾਬਕ ਸਿੰਘ ਨੇ 1996 ਵਿਚ ਅਮਰੀਕਾ ਵਿਚ ਦਾਖਲੇ ਲਈ ਗਲਤ ਪਛਾਣ ਦੀ ਵਰਤੋਂ ਕੀਤੀ ਅਤੇ 1 ਮਈ, 2008 ਨੂੰ ਅਮਰੀਕਾ ਦਾ ਨਾਗਰਿਕ ਬਣ ਗਿਆ।

ਸ਼ਿਕਾਇਤ ਵਿਚ ਉਸ ਦੇ ਕਈ ਗਲਤ ਬਿਆਨਾਂ ਅਤੇ ਗੈਰ-ਕਾਨੂੰਨੀ ਕੰਮਾਂ ਦਾ ਜ਼ਿਕਰ ਕਰਦੇ ਹੋਏ 7 ਦੋਸ਼ ਲਾਏ ਗਏ ਹਨ। ਜਿਨ੍ਹਾਂ 25 ਲੋਕਾਂ ਦੇ ਖਿਲਾਫ ਨਾਗਰਿਕਤਾ ਰੱਦ ਕਰਨ ਦੀ ਕਾਰਵਾਈ ਸ਼ੁਰੂ ਕੀਤੀ ਗਈ ਹੈ, ਉਨ੍ਹਾਂ ਵਿਚ ਪਾਕਿਸਤਾਨੀ ਮੂਲ ਦੇ 2 ਲੋਕ ਜ਼ਿਆ ਮੁਰਾਦ ਭੱਟੀ ਅਤੇ ਮੁਹੰਮਦ ਵਾਸਿਫ ਵੀ ਸ਼ਾਮਲ ਹਨ।

ਇਨ੍ਹਾਂ 'ਤੇ ਵੀ ਪਛਾਣ ਨਾਲ ਜੁੜੀ ਗਲਤ ਜਾਣਕਾਰੀ ਦੇਣ ਦੇ ਦੋਸ਼ ਹਨ। ਕਾਰਜਕਾਰੀ ਅਟਾਰਨੀ ਜਨਰਲ ਟੌਡ ਬਲਾਂਸ਼ ਨੇ ਸੋਮਵਾਰ ਨੂੰ ਇਕ ਬਿਆਨ ਵਿਚ ਕਿਹਾ, 'ਅਮਰੀਕਾ ਦੀ ਨਾਗਰਿਕਤਾ ਸਾਡੇ ਦੇਸ਼ ਦੇ ਸਰਵਉੱਚ ਵਿਸ਼ੇਸ਼ ਅਧਿਕਾਰਾਂ ਵਿਚੋਂ ਇਕ ਹੈ ਅਤੇ ਇਸ ਨੂੰ ਜਾਇਜ਼ ਤਰੀਕੇ ਅਤੇ ਇਮਾਨਦਾਰੀ ਨਾਲ ਹੀ ਹਾਸਲ ਕੀਤਾ ਜਾਣਾ ਚਾਹੀਦਾ ਹੈ।'

ਲਿਬਨਾਨ-ਇਜ਼ਰਾਈਲ ਵਿਚਾਲੇ ਸਿੱਧੀ ਗੱਲਬਾਤ ਦਾ 7ਵਾਂ ਦੌਰ ਸ਼ੁਰੂ

ਰੋਮ, 4 ਅਗਸਤ (ਏਜੰਸੀ)–ਲਿਬਨਾਨ ਅਤੇ ਇਜ਼ਰਾਈਲ ਵਿਚਾਲੇ ਅਮਰੀਕਾ ਦੀ ਵਿਚੋਲਗੀ ਵਿਚ ਸਿੱਧੀ ਗੱਲਬਾਤ ਦਾ ਸੱਤਵਾਂ ਦੌਰ ਮੰਗਲਵਾਰ ਨੂੰ ਇਟਲੀ ਦੀ ਰਾਜਧਾਨੀ ਰੋਮ ਵਿਚ ਸ਼ੁਰੂ ਹੋਇਆ। ਦੋਵਾਂ ਦੇਸ਼ਾਂ ਦੇ ਵਫਦ ਜੂਨ ਵਿਚ ਲਿਬਨਾਨ ਅਤੇ ਇਜ਼ਰਾਈਲ ਵਿਚਾਲੇ ਹੋਏ ਅਮਰੀਕੀ ਵਿਚੋਲਗੀ ਵਾਲੇ ਰੂਪਰੇਖਾ ਸਮਝੌਤੇ ਦੇ ਅਮਲ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰ ਰਹੇ ਹਨ।

ਸਮਝੌਤੇ ਤਹਿਤ ਇਜ਼ਰਾਈਲ ਨੂੰ ਕਬਜ਼ੇ ਵਾਲੇ ਸਾਰੇ ਲਿਬਨਾਨੀ ਖੇਤਰਾਂ 'ਚੋਂ ਪੜਾਅਵਾਰ ਫੌਜ ਹਟਾਉਣੀ ਪਵੇਗੀ। ਇਸ ਦੇ ਬਦਲੇ ਲਿਬਨਾਨੀ ਫੌਜ ਇਨ੍ਹਾਂ ਖੇਤਰਾਂ ਵਿਚ ਤਾਇਨਾਤ ਹੋਵੇਗੀ ਅਤੇ ਹਥਿਆਰਬੰਦ ਸਮੂਹਾਂ, ਵਿਸ਼ੇਸ਼ ਤੌਰ 'ਤੇ ਹਿਜ਼ਬੁੱਲਾ ਨੂੰ ਨਿਹੱਥੇ ਕੀਤਾ ਜਾਵੇਗਾ।

ਇਹ ਗੱਲਬਾਤ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਦੱਖਣੀ ਲਿਬਨਾਨ ਦੀ ਸਰਹੱਦ 'ਤੇ ਤਣਾਅ ਜਾਰੀ ਹੈ ਅਤੇ ਇਜ਼ਰਾਈਲ ਦੀ ਦੱਖਣੀ ਕਸਬਿਆਂ ਵਿਚ ਮਕਾਨਾਂ ਅਤੇ ਹੋਰ ਢਾਂਚਿਆਂ ਨੂੰ ਢਾਹੁਣ ਦੀ ਕਾਰਵਾਈ ਜਾਰੀ ਹੈ। ਲਿਬਨਾਨ ਦੇ ਸਿਹਤ ਮੰਤਰਾਲੇ ਅਨੁਸਾਰ ਦੋ ਮਾਰਚ ਤੋਂ ਹੁਣ ਤੱਕ ਇਜ਼ਰਾਈਲੀ ਹਮਲਿਆਂ ਵਿਚ 4,333 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 12,236 ਹੋਰ ਜ਼ਖਮੀ ਹੋਏ ਹਨ। ਲਿਬਨਾਨ ਦਾ ਕਹਿਣਾ ਹੈ ਕਿ 26 ਜੂਨ ਨੂੰ ਸਮਝੌਤੇ 'ਤੇ ਦਸਤਖਤ ਹੋਣ ਦੇ ਬਾਵਜੂਦ ਇਜ਼ਰਾਈਲ ਨੇ ਆਪਣੀ ਫੌਜੀ ਮੁਹਿੰਮ ਜਾਰੀ ਰੱਖੀ ਹੋਈ ਹੈ।

36 ਦੇਸ਼ਾਂ ਤੋਂ 274 ਭਗੌੜੇ ਅਪਰਾਧੀ ਪਿਛਲੇ 7 ਸਾਲਾਂ 'ਚ ਲਿਆਂਦੇ ਗਏ ਭਾਰਤ

ਨਵੀਂ ਦਿੱਲੀ, 4 ਅਗਸਤ (ਏਜੰਸੀ)–ਕੇਂਦਰ ਸਰਕਾਰ ਨੇ ਹਵਾਲਗੀ ਪ੍ਰਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਤਕਨਾਲੋਜੀ-ਆਧਾਰਿਤ ਬਣਾਉਣ ਲਈ ਪਿਛਲੇ ਕੁਝ ਸਾਲਾਂ ਵਿਚ ਕਈ ਵੱਡੇ ਸੁਧਾਰ ਕੀਤੇ ਹਨ।

ਸਰਕਾਰ ਦਾ ਦਾਅਵਾ ਹੈ ਕਿ 2019 ਤੋਂ ਜੁਲਾਈ 2026 ਤੱਕ ਲੱਗਭਗ 36 ਵੱਖ-ਵੱਖ ਦੇਸ਼ਾਂ ਤੋਂ 274 ਭਗੌੜੇ ਅਪਰਾਧੀਆਂ ਨੂੰ ਭਾਰਤ ਵਾਪਸ ਲਿਆਂਦਾ ਗਿਆ ਹੈ, ਜਦੋਂ ਕਿ ਪਹਿਲਾਂ ਹਵਾਲਗੀ ਪ੍ਰਕਿਰਿਆ ਮੱਠੀ ਅਤੇ ਜਟਿਲ ਮੰਨੀ ਜਾਂਦੀ ਸੀ।

ਦਸਤਾਵੇਜ਼ ਵਿਚ ਕਿਹਾ ਗਿਆ ਹੈ ਕਿ ਭਾਰਤ ਹੁਣ ਤੱਕ ਘੱਟੋ-ਘੱਟ 36 ਦੇਸ਼ਾਂ ਅਤੇ ਨਿਆਇਕ ਖੇਤਰਾਂ ਤੋਂ ਅੱਤਵਾਦ, ਆਰਥਿਕ ਅਪਰਾਧ, ਕਤਲ, ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ, ਗੈਂਗਸਟਰ ਗਤੀਵਿਧੀਆਂ, ਜਬਰ-ਜ਼ਨਾਹ ਅਤੇ ਪੋਕਸੋ ਵਰਗੇ ਮਾਮਲਿਆਂ ਵਿਚ ਲੋੜੀਂਦੇ ਮੁਲਜ਼ਮਾਂ ਨੂੰ ਵਾਪਸ ਲਿਆਉਣ ਵਿਚ ਸਫ਼ਲ ਰਿਹਾ ਹੈ। ਇਸ ਵਿਚ ਅਮਰੀਕਾ ਤੋਂ ਤਹੱਵੁਰ ਹੁਸੈਨ ਰਾਣਾ ਦੀ ਹਵਾਲਗੀ ਵੀ ਪ੍ਰਮੁੱਖ ਹੈ।

ਸਰਕਾਰ ਅਨੁਸਾਰ, ਸਾਲ 2018 ਵਿਚ ਭਗੌੜਾ ਆਰਥਿਕ ਅਪਰਾਧੀ ਐਕਟ ਲਾਗੂ ਹੋਣ ਅਤੇ ਉਸ ਤੋਂ ਬਾਅਦ ਗ੍ਰਹਿ ਮੰਤਰਾਲਾ ਵੱਲੋਂ ਹਵਾਲਗੀ ਨੂੰ ਰਾਸ਼ਟਰੀ ਪਹਿਲ ਬਣਾਏ ਜਾਣ ਤੋਂ ਬਾਅਦ ਇਸ ਖੇਤਰ ਵਿਚ ਵਿਆਪਕ ਬਦਲਾਅ ਕੀਤੇ ਗਏ। ਸਰਕਾਰ ਅਨੁਸਾਰ, 2019 ਤੋਂ 2026 ਦਰਮਿਆਨ 17,874 ਕਰੋੜ ਰੁਪਏ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ ਅਤੇ 18,762 ਕਰੋੜ ਰੁਪਏ ਦੀ ਰਕਮ ਸਬੰਧਤ ਮਾਮਲਿਆਂ ਵਿਚ ਵਾਪਸ ਕਰਵਾਈ ਗਈ।

"ਮੋਦੀ ਸਰਕਾਰ ਨੇ ਏਕੀਕ੍ਰਿਤ, ਖੁਫੀਆ ਜਾਣਕਾਰੀ ਆਧਾਰਿਤ ਅਤੇ ਟੈਕਨਾਲੋਜੀ-ਸੰਚਾਲਿਤ ਮੁਹਿੰਮਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਰਾਹੀਂ ਵਿਦੇਸ਼ਾਂ 'ਚ ਲੁਕੇ ਭਗੌੜਿਆਂ ਦਾ ਲਗਾਤਾਰ ਪਤਾ ਲਾਇਆ ਜਾ ਰਿਹਾ ਹੈ। 3 ਨਵੇਂ ਕਾਨੂੰਨਾਂ 'ਚ ਦੋਸ਼ੀਆਂ ਦੀ ਗੈਰ-ਹਾਜ਼ਰੀ 'ਚ ਮੁਕੱਦਮਾ ਚਲਾਉਣ ਦੀ ਵਿਵਸਥਾ ਨੇ ਨਿਆਂ ਵਿਵਸਥਾ ਨੂੰ ਫਰਾਰ ਅਪਰਾਧੀਆਂ ਖਿਲਾਫ ਵੀ ਕਾਨੂੰਨੀ ਕਾਰਵਾਈ ਸ਼ੁਰੂ ਕਰਨ ਦਾ ਅਧਿਕਾਰ ਦਿੱਤਾ ਹੈ।" -ਅਮਿਤ ਸ਼ਾਹ

ਭਾਰਤੀ ਰਾਜਦੂਤ ਨੇ ਜਾਰਜੀਆ ਦੇ ਗਵਰਨਰ ਨਾਲ ਕੀਤੀ ਮੁਲਾਕਾਤ

ਵਾਸ਼ਿੰਗਟਨ, 4 ਅਗਸਤ (ਏਜੰਸੀ)–ਅਮਰੀਕਾ ਵਿਚ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ ਨੇ ਜਾਰਜੀਆ ਦੇ ਗਵਰਨਰ ਬ੍ਰਾਇਨ ਕੈਂਪ ਨਾਲ ਮੁਲਾਕਾਤ ਕੀਤੀ ਅਤੇ ਦੱਖਣ-ਪੂਰਬੀ ਸੂਬੇ ਨਾਲ ਵਪਾਰ ਅਤੇ ਨਿਵੇਸ਼ ਭਾਈਵਾਲੀ ਵਧਾਉਣ 'ਤੇ ਚਰਚਾ ਕੀਤੀ।

ਕਵਾਤਰਾ ਨੇ ਸੋਸ਼ਲ ਮੀਡੀਆ 'ਤੇ ਪੋਸਟ ਕੀਤਾ, 'ਅਸੀਂ ਭਾਰਤ-ਜਾਰਜੀਆ ਵਪਾਰ ਅਤੇ ਨਿਵੇਸ਼ ਭਾਈਵਾਲੀ ਵਧਾਉਣ, ਬਿਹਤਰ ਕਨੈਕਟੀਵਿਟੀ ਅਤੇ ਵਪਾਰ, ਨਵੀਨਤਾ ਅਤੇ ਸਿੱਖਿਆ ਵਿਚ ਸਹਿਯੋਗ ਨੂੰ ਡੂੰਘਾ ਕਰਨ ਦੇ ਮੌਕਿਆਂ 'ਤੇ ਚਰਚਾ ਕੀਤੀ। ਭਾਰਤ-ਅਮਰੀਕਾ ਸਬੰਧਾਂ ਨੂੰ ਮਜ਼ਬੂਤ ਕਰਨ ਵਿਚ ਜਾਰਜੀਆ ਦੇ ਲਗਾਤਾਰ ਯੋਗਦਾਨ ਪ੍ਰਤੀ ਅਸੀਂ ਆਸਵੰਦ ਹਾਂ।'

ਅਟਲਾਂਟਾ ਦੀ ਆਪਣੀ ਯਾਤਰਾ ਦੌਰਾਨ ਕਵਾਤਰਾ ਨੇ ਲੌਜਿਸਟਿਕਸ ਮੈਨੇਜਮੈਂਟ ਕੰਪਨੀ ਯੂਨਾਈਟਿਡ ਪਾਰਸਲ ਸਰਵਿਸ (ਯੂ. ਪੀ. ਐੱਸ.) ਦੀ ਮੁੱਖ ਕਾਰਜਕਾਰੀ ਅਧਿਕਾਰੀ ਕੈਰਲ ਟੌਮ ਨਾਲ ਵੀ ਮੁਲਾਕਾਤ ਕੀਤੀ ਅਤੇ ਭਾਰਤ ਵਿਚ ਨਿਵੇਸ਼ ਦੇ ਮੌਕਿਆਂ 'ਤੇ ਚਰਚਾ ਕੀਤੀ।

ਜਾਰਜੀਆ ਦੇ ਗਵਰਨਰ ਬ੍ਰਾਇਨ ਕੈਂਪ ਨਾਲ ਮੁਲਾਕਾਤ ਕਰਦੇ ਭਾਰਤ ਦੇ ਰਾਜਦੂਤ ਵਿਨੈ ਮੋਹਨ ਕਵਾਤਰਾ।

ਜੈਪੁਰ ਦੁਨੀਆ ਦੇ ਟਾਪ 10 ਖੁਸ਼ਹਾਲ ਸ਼ਹਿਰਾਂ 'ਚ ਸ਼ਾਮਲ

ਜੈਪੁਰ, 4 ਅਗਸਤ (ਪੰਜਾਬ ਕੇਸਰੀ)–ਗੁਲਾਬੀ ਨਗਰੀ ਜੈਪੁਰ ਨੇ ਇਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਮਾਣ ਵਧਾਇਆ ਹੈ। ਅੰਤਰਰਾਸ਼ਟਰੀ ਮੀਡੀਆ ਪਲੇਟਫਾਰਮ 'ਟਾਈਮ ਆਊਟ' ਵੱਲੋਂ ਜਾਰੀ 'ਦ ਵਰਲਡਜ਼ ਹੈਪੀਐਸਟ ਸਿਟੀਜ਼ 2036' ਦੀ ਸੂਚੀ ਵਿਚ ਜੈਪੁਰ ਨੂੰ ਦੁਨੀਆ ਦਾ ਛੇਵਾਂ ਸਭ ਤੋਂ ਖੁਸ਼ਹਾਲ ਸ਼ਹਿਰ ਐਲਾਨਿਆ ਗਿਆ ਹੈ।

ਖਾਸ ਗੱਲ ਇਹ ਹੈ ਕਿ ਗਲੋਬਲ ਪੱਧਰ 'ਤੇ ਟਾਪ-10 ਸਭ ਤੋਂ ਖੁਸ਼ਹਾਲ ਸ਼ਹਿਰਾਂ ਵਿਚ ਜਗ੍ਹਾ ਬਣਾਉਣ ਵਾਲਾ ਜੈਪੁਰ ਭਾਰਤ ਦਾ ਇਕਲੌਤਾ ਸ਼ਹਿਰ ਹੈ। ਇਸ ਗਲੋਬਲ ਰੈਂਕਿੰਗ ਲਈ ਦੁਨੀਆ ਦੇ ਵੱਖ-ਵੱਖ ਹਿੱਸਿਆਂ ਤੋਂ 24 ਹਜ਼ਾਰ ਤੋਂ ਵੱਧ ਲੋਕਾਂ ਨੂੰ ਸਰਵੇਖਣ ਵਿਚ ਸ਼ਾਮਲ ਕੀਤਾ ਗਿਆ ਸੀ। ਇਸ ਵਿਚ ਸ਼ਹਿਰ ਨਾਲ ਜੁੜੇ ਅਨੁਭਵ, ਭਾਈਚਾਰਕ ਭਾਵਨਾ, ਸਕਾਰਾਤਮਕ ਮਾਹੌਲ ਅਤੇ ਨਾਗਰਿਕਾਂ ਦੀ ਖੁਸ਼ੀ ਦੇ ਵੱਖ-ਵੱਖ ਪੈਮਾਨਿਆਂ ਨੂੰ ਆਧਾਰ ਬਣਾਇਆ ਗਿਆ।

ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ 71 ਫ਼ੀਸਦੀ ਬਿੱਲ ਕਮੇਟੀਆਂ ਕੋਲ ਭੇਜੇ ਗਏ : ਜੈਰਾਮ ਰਮੇਸ਼

■ ਮੋਦੀ ਸਰਕਾਰ 'ਚ ਭੇਜੇ ਗਏ ਸਿਰਫ 16 ਫੀਸਦੀ

ਨਵੀਂ ਦਿੱਲੀ, 4 ਅਗਸਤ (ਏਜੰਸੀ)–ਕਾਂਗਰਸ ਨੇ ਮੰਗਲਵਾਰ ਨੂੰ ਕਿਹਾ ਕਿ ਮੋਦੀ ਸਰਕਾਰ ਵਿਚ ਸਾਲ 2019 ਤੋਂ 2024 ਦੇ ਵਿਚਾਲੇ ਸਿਰਫ 16 ਫੀਸਦੀ ਬਿੱਲਾਂ ਨੂੰ ਹੀ ਸੰਸਦ ਦੀਆਂ ਸਥਾਈ ਕਮੇਟੀਆਂ ਕੋਲ ਭੇਜਿਆ ਗਿਆ, ਜਦੋਂ ਕਿ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਰਹਿੰਦਿਆਂ ਸਾਲ 2009 ਤੋਂ 2014 ਦੌਰਾਨ 71 ਫੀਸਦੀ ਬਿੱਲਾਂ ਨੂੰ ਇਨ੍ਹਾਂ ਕਮੇਟੀਆਂ ਕੋਲ ਭੇਜਿਆ ਗਿਆ ਸੀ।

ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਲੋਕ ਸਭਾ ਅਤੇ ਰਾਜ ਸਭਾ ਵਿਚ ਵਿਰੋਧੀ ਧਿਰਾਂ ਨੇ ਭਾਰਤੀ ਅੰਕੜਾ ਸੰਸਥਾ ਬਿੱਲ, 2026 ਨੂੰ ਸਬੰਧਤ ਸੰਸਦੀ ਸਥਾਈ ਕਮੇਟੀ (ਵਿੱਤ) ਕੋਲ ਭੇਜਣ ਦੀ ਮੰਗ ਕੀਤੀ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਸਰਕਾਰ ਇਸ ਮੰਗ ਨੂੰ ਪ੍ਰਵਾਨ ਕਰੇਗੀ।

ਰਮੇਸ਼ ਨੇ ਦਾਅਵਾ ਕੀਤਾ ਕਿ ਸਾਲ 2019 ਤੋਂ 2024 ਦਰਮਿਆਨ ਸਿਰਫ 16 ਫੀਸਦੀ ਬਿੱਲਾਂ ਨੂੰ ਹੀ ਸੰਸਦੀ ਸਥਾਈ ਕਮੇਟੀਆਂ ਕੋਲ ਭੇਜਿਆ ਗਿਆ, ਜਦੋਂ ਕਿ ਸਾਲ 2009 ਤੋਂ 2014 ਦੌਰਾਨ ਤਤਕਾਲੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ 71 ਫੀਸਦੀ ਬਿੱਲਾਂ ਨੂੰ ਇਨ੍ਹਾਂ ਕਮੇਟੀਆਂ ਕੋਲ ਭੇਜਿਆ ਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ ਮੋਦੀ ਸਰਕਾਰ ਦੀ ਕਾਰਜਪ੍ਰਣਾਲੀ ਇਹ ਰਹੀ ਹੈ ਕਿ ਜਦੋਂ ਕਿਸੇ ਸੰਸਦੀ ਸਥਾਈ ਕਮੇਟੀ ਦੀ ਪ੍ਰਧਾਨਗੀ ਵਿਰੋਧੀ ਧਿਰ ਦੇ ਸੰਸਦ ਮੈਂਬਰ ਕੋਲ ਹੁੰਦੀ ਹੈ ਤਾਂ ਸਬੰਧਤ ਬਿੱਲ ਨੂੰ ਉਸ ਕੋਲ ਭੇਜਣ ਦੀ ਬਜਾਏ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਦੀ ਪ੍ਰਧਾਨਗੀ ਵਾਲੀ ਸਾਂਝੀ ਸੰਸਦੀ ਕਮੇਟੀ (ਜੇ. ਪੀ. ਸੀ.) ਨੂੰ ਭੇਜ ਦਿੱਤਾ ਜਾਂਦਾ ਹੈ।

ਕਾਂਗਰਸ ਨੇਤਾ ਨੇ ਦਾਅਵਾ ਕੀਤਾ ਕਿ ਜੈਵਿਕ ਵਿਭਿੰਨਤਾ ਸੁਰੱਖਿਆ ਅਤੇ ਜੰਗਲਾਤ ਸੁਰੱਖਿਆ ਨਾਲ ਜੁੜੇ ਬਿੱਲਾਂ ਦੇ ਮਾਮਲੇ ਵਿਚ ਅਜਿਹਾ ਦੋ ਵਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਦੀ ਤਾਜ਼ਾ ਮਿਸਾਲ 'ਵਿਕਸਤ ਇੰਡੀਆ ਐਜੂਕੇਸ਼ਨ ਫਾਊਂਡੇਸ਼ਨ ਬਿੱਲ, 2025' ਹੈ, ਜਿਸ ਨੂੰ ਜਾਣਬੁੱਝ ਕੇ ਉਸ ਸਮੇਂ ਸਿੱਖਿਆ ਸਬੰਧੀ ਸੰਸਦੀ ਸਥਾਈ ਕਮੇਟੀ ਕੋਲ ਨਹੀਂ ਭੇਜਿਆ ਗਿਆ, ਜਿਸ ਦੀ ਪ੍ਰਧਾਨਗੀ ਕਾਂਗਰਸ ਨੇਤਾ ਦਿਗਵਿਜੇ ਸਿੰਘ ਕੋਲ ਸੀ, ਸਗੋਂ ਇਸ ਨੂੰ ਭਾਜਪਾ ਦੇ ਇਕ ਸੰਸਦ ਮੈਂਬਰ ਦੀ ਪ੍ਰਧਾਨਗੀ ਵਾਲੀ ਸਾਂਝੀ ਕਮੇਟੀ ਨੂੰ ਭੇਜ ਦਿੱਤਾ ਗਿਆ।

ਬ੍ਰਿਟੇਨ ਵਿਚ ਬਾਲ ਸੈਕਸ ਸ਼ੋਸ਼ਣ ਦੇ ਮਾਮਲੇ 'ਚ ਭਾਰਤੀ ਮੂਲ ਦਾ ਵਿਅਕਤੀ ਦੋਸ਼ੀ ਕਰਾਰ

ਲੰਡਨ, 4 ਅਗਸਤ (ਏਜੰਸੀ)–ਬ੍ਰਿਟੇਨ ਵਿਚ ਬਾਲ ਸੈਕਸ ਸ਼ੋਸ਼ਣ ਦੇ ਮਾਮਲੇ ਵਿਚ ਭਾਰਤੀ ਮੂਲ ਦੇ ਮਨੁੱਖੀ ਸਮੱਗਲਰ ਸਮੇਤ ਇਕ ਗਿਰੋਹ ਦੇ 5 ਮੈਂਬਰਾਂ ਨੂੰ ਦੋਸ਼ੀ ਪਾਇਆ ਗਿਆ ਹੈ। ਜਸਵਿੰਦਰ ਸਿੰਘ (61) ਨੂੰ ਵੇਲਜ਼ ਦੀ ਕੈਰਨਾਰਫੋਨ ਕ੍ਰਾਊਨ ਕੋਰਟ ਵਿਚ 3 ਮਹੀਨੇ ਚੱਲੀ ਸੁਣਵਾਈ ਤੋਂ ਬਾਅਦ ਸੋਮਵਾਰ ਨੂੰ ਮਨੁੱਖੀ ਸਮੱਗਲਿੰਗ ਦੀ ਸਾਜ਼ਿਸ਼ ਦੇ 2 ਮਾਮਲਿਆਂ ਅਤੇ ਗਾਂਜਾ ਸਪਲਾਈ ਦੇ ਇਕ ਮਾਮਲੇ ਵਿਚ ਦੋਸ਼ੀ ਪਾਇਆ ਗਿਆ। ਕੈਰਨਾਰਫੋਨ ਕ੍ਰਾਊਨ ਕੋਰਟ ਵਿਚ 25 ਸਤੰਬਰ ਨੂੰ ਸਜ਼ਾ 'ਤੇ ਸੁਣਵਾਈ ਕੀਤੀ ਜਾਵੇਗੀ।